ੴ ਸਤਿਗੁਰ ਪ੍ਰਸਾਦਿ ॥

# ਭਾਈ ਜਗਤ ਸਿੰਘ

## ਅੰਗ੍ਰੇਜ਼ੀ ਕਾਲ ਵਿਚ ਸਿੱਖਾਂ ਦਾ ਅਜ਼ਾਦੀ ਲਈ ਘੋਲ

### ਮੁੱਖ ਟੀਚਾ

ਸਿਰਫ ਯੁਵਾ ਪੀੜੀ ਨੂੰ ਦੇਸ਼ ਅਜ਼ਾਦ ਕਰਾਉਂਣ ਲਈ ਸਿੱਖਾਂ ਦੁਆਰਾ ਕੀਤਾ ਗਿਆ ਸੰਗ੍ਰਸ਼ ਦਾ ਬੋੱਧ ਕਰਾਣਾਂ ਹੀ ਹੈ।

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

Type Setting : Radheshyam Choudhary

Mob.: 098149-66882

Download Free

# ਭਾਈ ਜਗਤ ਸਿੰਘ

ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਪ੍ਰਕਾਸ਼ਤ ਕੀਤੇ ਗਏ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਦਸਿਆ ਗਿਆ ਹੈ ਕਿ ਸੁਰ ਸਿੰਘ ਪਿੰਡ ਜ਼ਿਲ੍ਹਾ ਲਾਹੌਰ ਵੀ ਗ਼ਦਰੀਆਂ ਦਾ ਇਕ ਬਹੁਤ ਵੱਡਾ ਗੜ੍ਹ ਸੀ। ਦੋ ਵੱਡੇ ਲੀਡਰ ਭਾ: ਜਗਤ ਸਿੰਘ ਤੇ ਭਾ: ਪਰੇਮ ਸਿੰਘ ਇਸੇ ਪਿੰਡ ਦੇ ਸਨ। ਬਾਕੀ ਗ਼ਦਰੀਆਂ ਵਿਚੋਂ ਸ: ਬੁਢਾ ਸਿੰਘ, ਸ: ਗੰਡਾ ਸਿੰਘ, ਸ: ਹਰਨਾਮ ਸਿੰਘ, ਸ: ਕੇਸਰ ਸਿੰਘ, ਸ: ਮੰਗਲ ਸਿੰਘ, ਸ: ਹਿੰਮਤ ਸਿੰਘ ਆਦਿ ਵੀ ਇਸੇ ਪਿੰਡ ਸੁਰ ਸਿੰਘ ਦੇ ਸਨ। ਇਨ੍ਹਾਂ ਦਾ ਆਪਣੇ ਨਾਲ ਦੇ ਪਿੰਡਾਂ ਵਿਚ ਦੂਰ ਦੂਰ ਅਸਰ ਸੀ। ਕੱਕੜਾਂ ਵਿਚ ਅੱਡਾ ਵੀ ਇਹਨਾਂ ਦੇ ਅਸਰ ਹੇਠ ਸੀ, ਗੱਲ ਕੀ ਇਸ ਸਾਰੇ ਵਿਸ਼ਾਲ ਇਲਾਕੇ ਵਿਚ ਇਹ ਪਿੰਡ ਉਸ ਸਮੇਂ ਇਨਕਲਾਬੀਆਂ ਦਾ ਬਹੁਤ ਵੱਡਾ ਅੱਡਾ ਬਣਿਆ ਹੋਇਆ ਸੀ।

ਭਾਈ ਜਗਤ ਸਿੰਘ ਸੁਰ ਸਿੰਘੀਆ ਵੀ ਉਨ੍ਹਾਂ ਪੰਜਾਬੀਆਂ ਵਿਚੋਂ ਸੀ, ਜਿਨ੍ਹਾਂ ਨੂੰ ਵੀਹਵੀਂ ਸਦੀ ਦੇ ਸ਼ੁਰੂਵਿਚ ਆਪਣੀ ਉਪਜੀਵਕਾ ਲਈ ਪਿਆਰੇ ਦੇਸ਼ ਨੂੰ ਛੱਡ ਕੇ ਬਾਹਰਲੇ ਦੇਸ਼ ਨੂੰ ਜਾਣ ਪਿਆ। ਬਾਹਰ ਜਾ ਕੇ ਦੁਨੀਆਂ ਦੀ ਆਜ਼ਾਦੀ ਦੇਖੀ, ਆਜ਼ਾਦੀ ਬਾਰੇ ਗੱਲਾਂ ਸੁਣੀਆਂ ਤੇ ਗ਼ੁਲਾਮ ਕੌਮਾਂ ਨਾਲ ਕੀਤੀ ਜਾਂਦੀ ਨਫ਼ਰਤ, ਵਿਤਕਰਾ ਤੇ ਵਰਤਾਉ ਦੇਖਿਆ ਤਾਂ ਆਪ ਦੀ ਦਿਲ ਵੀ ਭਾਰਤ ਨੂੰ ਆਜ਼ਾਦ ਕਰਾਉਣ ਲਈ ਉਤਾਵਲਾ ਹੋ ਗਿਆ, ਪਰ ਰਾਹ ਕੁਝ ਨਹੀਂ ਸੀ ਸੁਝਦਾ। ਸੋਚਦੇ ਸਨ ਕਿ ਕਦੋਂ ਦੇਸ਼ ਵਾਸੀ ਇਸ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਉਠਣਗੇ।

ਜਦੋਂ ਇਨ੍ਹਾਂ ਨੂੰ ਪਤਾ ਲੱਗਾ ਕਿ ਬਦੇਸ਼ਾਂ ਵਿਚ ਵਸਦੇ ਅਨੇਕਾਂ ਹੋਰ ਦੇਸ਼ ਵਾਸੀ ਆਜ਼ਾਦੀ ਲਈ ਕੁਝ ਕਰਨਾ ਚਾਹੁੰਦੇ ਹਨ ਤਾਂ ਭਾਈ ਜਗਤ ਸਿੰਘ ਸੁਰ ਸਿੰਘੀਆ ਵੀ ਗ਼ਦਰ ਪਾਰਟੀ ਨਾਲ ਜੁੜ ਗਏ। ਆਪ ਪਾਸ ਜਦੋਂ 'ਗ਼ਦਰ' ਅਖ਼ਬਾਰ ਆਉਣ ਲਗ ਪਿਆ ਤਾਂ ਉਸ ਨਾਲ ਹੋਰ ਵੀ ਵਧੇਰੇ ਦਿਲਚਸਪੀ ਜਾਗੀ ਤੇ ਉਤਸ਼ਾਹ ਵਧਿਆ। ਜਦੋਂ ਸਾਰਿਆਂ ਨੇ ਫ਼ੈਸਲਾ ਕੀਤਾ ਕਿ ਆਜ਼ਾਦੀ ਲਈ ਦੇਸ਼ ਵਿਚ ਚਲ ਕੇ ਅੰਦੋਲਨ ਕੀਤਾ ਜਾਏ ਤਾਂ ਭਾਈ ਜਗਤ ਸਿੰਘ ਨੇ ਵੀ ਆਪਣਾ ਕੰਮ ਕਾਜ ਛੱਡ ਦਿਤਾ। ਉਪਜੀਵਕਾ ਨਾਲੋਂ ਦੇਸ਼ ਪਿਆਰ ਦਾ ਜਜ਼ਬਾ ਪ੍ਰਬਲ ਹੋ ਗਿਆ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਦੂਜੇ ਗ਼ਦਰੀਆਂ ਨਾਲ ਰਲ ਕੇ ਵਹੀਰਾਂ ਪਾ ਦਿਤੀਆਂ।

ਅੰਗਰੇਜ਼ ਸਰਕਾਰ ਨੂੰ ਪਤਾ ਲਗ ਗਿਆ ਸੀ ਕਿ ਕੁਝ ਹਿੰਦੁਸਤਾਨੀ ਇਨਕਲਾਬ ਲਿਆਉਣ ਲਈ ਕੈਨੇਡਾ ਤੇ ਦੂਜੇ ਹੋਰ ਕਈ ਦੇਸ਼ਾਂ ਤੋਂ ਵਾਪਸ ਭਾਰਤ ਆ ਰਹੇ ਹਨ, ਇਸ ਲਈ ਬੰਦਰਗਾਹਾਂ ਤੇ ਨਿਗਰਾਨੀਆਂ ਤੇ ਗ੍ਰਿਫ਼ਤਾਰੀਆਂ ਹੋਣ ਲਗ ਪਈਆਂ। ਬਾਹਰੋਂ ਆਏ ਭਾਰਤੀਆਂ ਨੂੰ ਫੜਨ ਲਈ ਅਨੇਕਾਂ ਪ੍ਰਬੰਧਾਂ ਦੇ ਬਾਵਜੂਦ ਅਨੇਕਾਂ ਵਰਕਰ ਨਾ ਫਸੇ ਤੇ ਕਈ ਫਸੇ ਹੋਏ ਵੀ ਨਿਕਲ ਗਏ। ਭਾਈ ਪਰਮਾਨੰਦ ਝਾਂਸੀ, ਪੰਡਣ ਜਗਤ ਰਾਮ, ਭਾਈ ਪ੍ਰਿਥਵੀ ਸਿੰਘ, ਭਾਈ ਪਰੇਮ ਸਿੰਘ, ਭਾਈ ਗੁਜਰ ਸਿੰਘ ਭਨਕਾ ਤੇ ਭਾਈ ਜਗਤ ਸਿੰਘ ਸੁਰ ਸਿੰਘੀਆ ਵੀ ਪੁਲਸ ਦੀ ਨਿਗਾਹ ਵਿਚ ਨਾ ਆਏ ਤੇ ਇਹ ਕਲਕੱਤੇ ਦੀ ਬੰਦਰਗਾਹ ਤੋਂ ਉਤਰ ਕੇ ਗੱਡੀ ਰਾਹੀਂ ਬਚ ਕੇ ਪੰਜਾਬ ਪਹੁੰਚ ਗਏ।

ਇਥੇ ਆ ਕੇ ਗ਼ਦਰੀਆਂ ਨੂੰ ਮੁੜ ਕੇ ਜਥੇਬੰਦ ਕਰਨ ਦਾ ਬਹੁਤ ਵੱਡਾ ਕੰਮ ਸੀ। ਸ: ਕਰਤਾਰ ਸਿੰਘ ਸਰਾਭਾ ਤੇ ਹੋਰ ਅਨੇਕਾਂ ਲੀਡਰ ਇਸ ਕੰਮ ਵਿਚ ਜੁਟ ਗਏ। ਭਾਈ ਜਗਤ ਸਿੰਘ ਸੁਰਸਿੰਘੀਆ ਨੇ ਇਸ ਸਮੇਂ ਬਹੁਤ ਕੰਮ ਕੀਤਾ। 'ਗ਼ਦਰ ਪਾਰਟੀ ਦੇ ਇਤਿਹਾਸ' ਅਨੁਸਾਰ ਪਾਰਟੀ ਨੂੰ ਆਉਂਦਿਆਂ ਹੀ ਪੰਜਾਬ ਵਿਚ ਇਕ ਸਾਕਾ ਕਰਨਾ ਪੈ ਗਿਆ। ਅਕਤੂਬਰ 1914 ਦੇ ਦੂਸਰੇ ਹਫ਼ਤੇ ਫ਼ੀਰੋਜ਼ਪੁਰ-ਲੁਧਿਆਣੇ ਰੇਲ ਦੀ ਲਾਈਨ ਦੇ ਇਕ ਸਟੇਸ਼ਨ ਉਤੇ ਪਾਰਟੀ ਦੀ ਕਿਸੇ ਦੇ ਨਾਂ ਉਤੇ ਸਮਾਨ ਦੀ ਬਿਲਟੀ ਆਉਣੀ ਸੀ। ਜਦ ਪਾਰਟੀ ਵਾਲੇ ਬਿਲਟੀ ਲੈਣ ਗਏ ਤਾਂ ਅਗੇ ਸਟੇਸ਼ਨ ਤੇ ਇਕ ਬਾਵਰਦੀ ਪੁਲਸੀਆ ਖੜ੍ਹਾ ਸੀ। ਪਾਰਟੀ ਵਾਲਿਆਂ ਨੇ ਸਮਝਿਆ ਕਿ ਸਟੇਸ਼ਨ ਮਾਸਟਰ ਨੇ ਗ਼ਦਰੀਆਂ ਨੂੰ ਫੜਾਉਣ ਲਈ ਪੁਲਸ ਸੱਦੀ ਹੈ। ਗ਼ਦਰ ਪਾਰਟੀ ਦੇ ਵਰਕਰ ਪਰਤ ਗਏ।

ਕੁਝ ਦਿਨ ਪਿਛੋਂ 16 ਅਕਤੂਬਰ ਨੂੰ ਮੁੜ ਆਏ ਤੇ ਮੁਖ਼ਬਰੀ ਦੀ ਸਜ਼ਾ ਦੇਣ ਲਈ ਸਟੇਸ਼ਨ ਮਾਸਟਰ ਤੇ ਵਾਰ ਕੀਤਾ। ਸਟੇਸ਼ਨ ਮਾਸਟਰ ਪਸਤੌਲ ਦੀ ਗੋਲੀ ਖਾ ਦੇ ਡਿਗ ਪਿਆ। ਗ਼ਦਰੀ ਇਹ ਸਜ਼ਾ ਕਾਫ਼ੀ ਸਮਝ ਕੇ ਚਲੇ ਗਏ। ਫੇਰ ਜਦ ਅਗਲੇ ਸਾਲ ਗ੍ਰਿਫ਼ਤਾਰੀਆਂ ਸ਼ੁਰੂਹੋਈਆਂ ਤਾ ਵਾਇਦਾ ਮੁਆਫ਼ ਗੁਆਹਾਂ ਤੋਂ ਪਤਾ ਲੱਗਾ ਕਿ ਸਟੇਸ਼ਨ ਮਾਸਟਰ ਨੂੰ ਸਜ਼ਾ ਦੇਣ ਵਾਲੇ ਤਿੰਨ ਗ਼ਦਰੀ ਸਨ ਤੇ ਉਹਨਾਂ ਵਿਚ ਇਕ ਭਾਈ ਜਗਤ ਸਿੰਘ ਸੁਰ ਸਿੰਘੀਏ ਵੀ ਸਨ।

ਜਦੋਂ ਫ਼ੈਸਲਾ ਕੀਤਾ ਗਿਆ ਕਿ ਫ਼ੀਰੋਜ਼ਪੁਰ ਦੀ ਛਾਉਣੀ ਤੇ ਹਮਲਾ ਕੀਤਾ ਜਾਏ ਤੇ ਉਧਰ ਮੀਆਂ ਮੀਰ ਛਾਉਦੀ ਤੇ ਕਬਜ਼ਾ ਕੀਤਾ ਜਾਏ ਤੇ ਉਸ ਸਮੇਂ ਜਿਨ੍ਹਾਂ ਦੀ ਡਿਊਟੀ ਫ਼ੀਰੋਜ਼ਪੁਰ ਛਾਉਣੀ ਲੱਗੀ, ਉਨ੍ਹਾਂ ਵਿਚ ਭਾਈ ਜਗਤ ਸਿੰਘ ਸੁਰ ਸਿੰਘੀਏ ਵੀ ਸੀ।

26 ਨਵੰਬਰ ਨੂੰ ਫ਼ੀਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾਬਾਦ ਵਾਲੀ ਸੜਕ ਉਤੇ ਗ਼ਦਰੀਆਂ ਦਾ ਇਕੱਠ ਹੋਇਆ, ਪਰ ਅੰਮ੍ਰਿਤਸਰ ਤੋਂ ਸੁਨੇਹਾ ਆ ਗਿਆ ਕਿ ਮੀਆਂ ਮੀਰ ਛਾਉਣੀ ਤੇ ਹਮਲਾ ਨਹੀਂ ਹੋ ਸਕਿਆ। ਦੂਜਾ ਫ਼ੀਰੋਜ਼ਪੁਰ ਛਾਉਣੀ ਦੀ ਇਕ ਪਠਾਣ ਰਜਮੈਂਟ ਤੋਂ 30 ਨਵੰਬਰ ਨੂੰ ਹਥਿਆਰ ਲੈਣ ਦਾ ਪ੍ਰਬੰਧ ਕੀਤਾ ਗਿਆ ਸੀ, ਇਸ ਲਈ ਫ਼ੀਰੋਜ਼ਪੁਰ ਤੇ ਹਮਲੇ ਦੀ ਵਿਉਂਤ ਰਹਿ ਗਈ, ਤੇ ਸਭ ਨੂੰ ਵਾਪਸ ਜਾਣਾ ਪਿਆ। ਇਥੇ ਇਕ ਹੋਰ ਘਟਨਾ ਵਾਪਰ ਗਈ ਜਿਸ ਨਾਲ ਇਕ ਥਾਣੇਦਾਰ ਤੇ ਕੁਝ ਹੋਰ ਆਦਮੀ ਮਾਰੇ ਗਏ। ਫੇਰ ਪੁਲਸ ਮੁਕਾਬਲੇ ਵਿਚ ਦੋ ਗ਼ਦਰੀ ਮਾਰੇ ਗਏ।

ਜਦੋਂ 21 ਫ਼ਰਵਰੀ ਗ਼ਦਰ ਲਿਆਉਣ ਦਾ ਦਿਨ ਮਿਥਿਆ ਗਿਆ ਤਾਂ ਭਾਈ ਜਗਤ ਸਿੰਘ ਆਪਣੇ ਨਾਲ ਭਾਈ ਖੜਕ ਸਿੰਘ ਨੂੰ ਲੈ ਕੇ ਆਪਣੇ ਪਿੰਡ ਤੋਂ ਬੰਦੇ ਇਕੱਠੇ ਕਰਨ ਲਈ ਚਲੇ ਗਏ, ਪਰ ਜਦੋਂ ਵਾਪਸ ਆਏ ਤਾ ਮਾਮਲਾ ਵਿਗੜ ਚੁਕਿਆ ਸੀ। ਪੁਲਸ ਨੂੰ ਗ਼ਦਰ ਦੀ ਤਾਰੀਖ਼ ਦਾ ਪਤਾ ਲਗ ਗਿਆ ਸੀ ਤੇ ਬਹੁਤ ਸਾਰੇ ਆਦਮੀ ਫੜੇ ਜਾ ਚੁਕੇ ਸਨ।

ਲਾਹੌਰ ਵਿਚ ਥਾਂ ਥਾਂ ਪੁਲਸ ਗ਼ਦਰੀਆਂ ਦੀ ਭਾਲ ਕਰ ਰਹੀ ਸੀ ਤਾਂ ਉਸ ਸਮੇਂ ਇਕ ਮਕਾਨ ਵਿਚ ਤਿੰਨ ਆਦਮੀ ਸ: ਕਰਤਾਰ ਸਿੰਘ ਸਰਾਭਾ, ਸ: ਹਰਨਾਮ ਸਿੰਘ ਟੁੱਡੀਲਾਟ ਤੇ ਭਾਈ ਜਗਤ ਸਿੰਘ ਸੁਰ ਸਿੰਘੀਏ ਇਕੱਠੇ ਹੋਏ। ਤਿੰਨਾਂ ਨੇ ਸਲਾਹ ਕੀਤੀ ਕਿ ਸੂਬਾ ਸਰਹੱਦ ਵਲ ਚੱਲੀਏ। ਸਰਾਭਾ, ਟੁੱਡੀਲਾਟ ਤੇ ਭਾਈ ਜਗਤ ਸਿੰਘ ਤਿੰਨੇ ਲਾਹੌਰ ਤੋਂ ਲਾਇਲਪੁਰ ਗਏ ਤੇ ਉਥੋਂ ਸੂਬਾ ਸਰਹੱਦ ਵਲ ਨਿਕਲ ਗਏ। ਅਗੋਂ ਪਤਾ ਲੱਗਾ ਕਿ ਅਫ਼ਗਾਨਿਸਤਾਨ ਸਰਕਾਰ ਵੀ ਭਾਰਤ ਦੇ ਦੇਸ਼ ਭਗਤਾਂ ਨੂੰ ਅੰਗਰੇਜ਼ਾਂ ਦੀ ਸ਼ਹਿ ਤੇ ਗ੍ਰਿਫ਼ਤਾਰ ਕਰ ਰਹੀ ਹੈ ਤਾਂ ਤਿੰਨੇ ਆਗੂ ਵਾਪਸ ਪੰਜਾਬ ਪਰਤ ਆਏ। ਹੁਣ ਸਵਾਲ ਸੀ ਕਿ ਜਾਣ ਕਿਥੇ? ਥਾਂ ਥਾਂ ਪੁਲਸ ਦੇ ਪਹਿਰੇ ਤੇ ਕਰੜਾਈਆਂ ਸਨ, ਭਾਈ ਜਗਤ ਸਿੰਘ ਸੁਰ ਸਿੰਘੀਏ ਦਾ ਇਕ ਟਿਕਾਣਾ ਸਰਗੋਧਾ ਜ਼ਿਲ੍ਹੇ ਦੇ ਚੱਕ ਨੰਬਰ ਪੰਜ ਵਿਚ ਸੀ। ਇਥੇ ਇਕ ਪੈਨਸ਼ਨੀ ਸਿਪਾਈ ਸਿਪਾਹੀ ਨੇ ਭਾਈ ਜਗਤ ਸਿੰਘ ਨੂੰ ਬੰਦੂਕਾਂ ਦੇਣ ਦਾ ਇਕਰਾਰ ਕੀਤਾ ਹੋਇਆ ਸੀ, ਇਹ ਇਥੇ ਬੰਦੂਕਾਂ ਲੈਣ ਹੀ ਆਏ ਸਨ। ਉਹ ਸਿਪਾਹੀ ਇਕ ਰਸਾਲਦਾਰ ਨਾਲ ਗੱਲ ਕਰ ਬੈਠਾ ਤੇ ਰਸਾਲਦਾਰ ਨੇ ਪੁਲਸ ਬੁਲਾ ਕੇ ਤਿੰਨਾਂ ਹੀ ਆਦਮੀਆਂ ਜਗਤ ਸਿੰਘ, ਸਰਾਭਾ ਤੇ ਟੁੱਡੀਲਾਟ ਨੂੰ ਪਕੜਵਾ ਦਿਤਾ।

26 ਅਪਰੈਲ 1915 ਨੂੰ ਲਾਹੌਰ ਸਾਜ਼ਸ਼ ਕੇਸ ਸ਼ੁਰੂ ਹੋ ਗਿਆ, ਜਿਸ ਵਿਚ 82 ਗ਼ਦਰੀ ਦੋਸ਼ੀ ਦਸੇ ਗਏ। ਲਾਹੌਰ ਸੈਂਟਰਲ ਜੇਲ੍ਹ ਵਿਚ ਇਸ ਮੁਕੱਦਮੇ ਦੀ ਸੁਣਵਾਈ ਹੁੰਦੀ ਰਹੀ। ਸਭ ਤੋਂ ਪਹਿਲਾਂ ਜਿਸ ਗਰੁਪ ਦੇ ਮੁਕੱਦਮੇ ਦਾ ਫ਼ੈਸਲਾ ਸੁਣਾਇਆ ਗਿਆ, ਉਸ ਵਿਚ ਭਾਈ ਜਗਤ ਸਿੰਘ ਵੀ ਸ਼ਾਮਲ ਸੀ। ਇਹਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਤੀ ਤੇ ਇਸ ਤੋਂ ਪਹਿਲਾਂ ਭਾਈ ਜਗਤ ਸਿੰਘ ਨੇ ਜੋ ਧੜੱਲੇਦਾਰ ਬਿਆਨ ਦਿਤਾ, ਉਸ ਨੇ ਅੰਗਰੇਜ਼ਾਂ ਦੇ ਕਪਾਟ ਖੋਲ੍ਹ ਦਿਤੇ ਤੇ ਉਹਨਾਂ ਨੂੰ ਦੱਸ ਦਿਤਾ ਕਿ ਦੇਸ਼ ਲਈ ਮਰਨ ਵਾਲੇ ਪਰਵਾਨਿਆਂ ਨੂੰ ਤੁਹਾਡੀ ਕੋਈ ਕਰੜੀ ਤੋਂ ਕਰੜੀ ਸਜ਼ਾ ਵੀ ਰੋਕ ਨਹੀਂ ਸਕਦੀ ਤੇ ਇਹ ਆਜ਼ਾਦੀ ਦੀ ਅੱਗ ਹੁਣ ਭੜਕ ਕੇ ਰਹੇਗੀ ਤੇ ਦੇਸ਼ ਆਜ਼ਾਦ ਹੋ ਕੇ ਰਹੇਗਾ। ਅਖ਼ੀਰ ਕਰਤਾਰ ਸਿੰਘ ਸਰਾਭੇ ਦੇ ਨਾਲ ਹੀ 16 ਨਵੰਬਰ 1915 ਈਸਵੀ ਨੂੰ ਭਾਈ ਜਗਤ ਸਿੰਘ ਸੁਰ ਸਿੰਘੀਏ ਨੂੰ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿਤਾ ਗਿਆ।

ਭਾਈ ਜਗਤ ਸਿੰਘ ਬੜੇ ਦੀਦਾਰੀ ਸਿੰਘ ਸਨ। ਬੜਾ ਪ੍ਰਭਾਵਸ਼ਾਲੀ ਵੱਡਾ ਚਿਹਰਾ, ਜਾਲੀ ਨਾਲ ਪੁੱਠਾ ਚਾੜ੍ਹਿਆ ਦਾਹੜਾ ਤੇ ਸਿਰ ਤੇ ਦੂਹਰੀ ਵੱਡੀ ਸੋਹਣੀ ਘੋਟਵੀਂ ਦਸਤਾਰ ਨਾਲ ਵੱਡੀ ਸ਼ਖ਼ਸੀਅਤ ਪ੍ਰਤੀਤ ਹੁੰਦੇ ਸਨ।


## ਪ੍ਰਸਤੁਤ ਕਰਤਾ : ਜਸਬੀਰ ਸਿੰਘ

**Ph. : (0172-2696891)**

**Mob. : 099881-60484**



Type Setting : Radheshyam Choudhary

Mob.: 098149-66882

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

E-mail : info@sikhworld.info
&
jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਸ ਵਿਸਾਲ ਸਿੱਖ ਸੰਗ੍ਰਹਾਲਯ (**Museum**)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

**ਨੋਟ :-** ਇਹ ਕਮ ਬੱਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

1. ਜੇਕਰ ਕੋਈ ਇਸ ਨੂੰ ਦੂਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।